a2zpapers.com

Roll No. ..................

026

Total No. of Questions : 4 (Subparts-33)

[Total No. of Printed Pages : 12

SS

2117

ਸਲਾਨਾ ਪਰੀਖਿਆ ਪ੍ਰਨਾਲੀ

# ECONOMICS

**(Common for Humanities, Science and Agriculture Groups)**

**(Punjabi, Hindi and English Versions)**

Time allowed : Three hours

Maximum marks : 90

**(Punjabi Version)**

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿਚ ਵਿਸ਼ਾ-ਕੋਡ/ਪੇਪਰ-ਕੋਡ **026** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਪ੍ਰਸ਼ਨ-ਪੱਤਰ ਵਿੱਚ 4 ਪ੍ਰਸ਼ਨ ਹਨ (ਜਿਨਾਂ ਦੇ 33 sub part ਹਨ) ਅਤੇ ਇਸਦੇ ਚਾਰ ਭਾਗ-ੳ, ਅ, ੲ ਅਤੇ ਸ ਹਨ ।

(vi) ਭਾਗ-ੳ ਵਿੱਚ ਇੱਕ ਵਸਤੂਨਿਸ਼ਟ ਪ੍ਰਸ਼ਨ ਹੈ ਜਿਸਦੇ 10 ਉਪਭਾਗਾਂ ਹਨ । ਹਰੇਕ ਉਪਭਾਗ ਦਾ 1 ਅੰਕ ਹੈ । ਇਹਨਾਂ ਉਪਭਾਗਾਂ (ਪ੍ਰਸ਼ਨਾਂ) ਦਾ ਉੱਤਰ 1 ਸ਼ਬਦ ਤੋਂ 1 ਵਾਕ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

(vii) ਭਾਗ-ਅ ਵਿੱਚ ਪ੍ਰਸ਼ਨ ਨੰ: 2 ਹੈ ਜਿਸ ਵਿੱਚ 10 ਬਹੁਤ ਛੋਟੇ ਉੱਤਰਾਂ ਵਾਲੇ ਉਪਭਾਗ ਹਨ । ਹਰੇਕ ਉਪਭਾਗ ਦੇ 2 ਅੰਕ ਹਨ । ਹਰੇਕ ਉਪਭਾਗ (ਪ੍ਰਸ਼ਨ) ਦਾ ਉੱਤਰ 30-35 ਸ਼ਬਦਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

(viii) ਭਾਗ-ੲ ਵਿੱਚ ਪ੍ਰਸ਼ਨ ਨੰ: 3 ਹੈ ਜਿਸ ਵਿੱਚ 9 ਛੋਟੇ ਉੱਤਰਾਂ ਵਾਲੇ ਉਪਭਾਗ ਹਨ । 3 ਉਪਭਾਗਾਂ (ਪ੍ਰਸ਼ਨਾਂ) ਵਿੱਚ ਅੰਦਰੂਨੀ ਚੋਣ ਹੈ । ਹਰੇਕ ਉਪਭਾਗ (ਪ੍ਰਸ਼ਨ) ਦੇ 4 ਅੰਕ ਹਨ । ਇਹਨਾਂ ਉਪਭਾਗਾਂ (ਪ੍ਰਸ਼ਨਾਂ) ਦਾ ਉੱਤਰ 60-70 ਸ਼ਬਦਾਂ ਵਿੱਚ ਦਿਉ ।

(ix) ਭਾਗ-ਸ ਵਿੱਚ ਪ੍ਰਸ਼ਨ ਨੰ: 4 ਹੈ ਅਤੇ ਜਿਸ ਦੇ 4 ਉਪਭਾਗ ਹਨ । 4 ਉਪਭਾਗਾਂ (ਪ੍ਰਸ਼ਨਾਂ) ਵਿੱਚ ਅੰਦਰੂਨੀ ਚੋਣ ਹੈ । ਹਰੇਕ ਉਪਭਾਗ (ਪ੍ਰਸ਼ਨ) ਦੇ 6 ਅੰਕ ਹਨ । ਹਰੇਕ ਦਾ ਉੱਤਰ 150-200 ਸ਼ਬਦਾਂ ਵਿੱਚ ਦਿੱਤਾ ਜਾਵੇ ।

## ਭਾਗ-ੳ

1. (i) ਸਹੀ ਉੱਤਰ ਦੀ ਚੋਣ ਕਰੋ :

ਹੇਠਾਂ ਦਿੱਤੀਆਂ ਵਿੱਚੋਂ ਕਿਹੜੀ ਅਰਥ-ਵਿਵਸਥਾ ਦੀ ਕੇਂਦਰੀ ਸਮੱਸਿਆ ਨਹੀਂ ਹੈ ?

(a) ਉਤਪਾਦਨ ਕਿਸ ਦੇ ਲਈ ਕੀਤਾ ਜਾਵੇ  (b) ਕਿਨ੍ਹਾਂ ਵਸਤੂਆਂ ਦਾ ਉਤਪਾਦਨ ਕੀਤਾ ਜਾਵੇ

(c) ਸਾਧਨਾਂ ਦਾ ਪੂਰਾ ਉਪਯੋਗ ਕਿਵੇਂ ਹੋਵੇ  (d) ਗ਼ਰੀਬੀ ਤੇ ਬੇਰੋਜ਼ਗਾਰੀ ਦੀ ਸਮਸਿਆ । 1



www.a2zpapers.com
www.a2zpapers.com
www.a2zpapers.com
Download free old Question papers gndu, ptu hp board, punjab board

a2zpapers.com



(ii) ਸਹੀ/ਗਲਤ ਦੱਸੋ :

ਕੀਮਤ ਘੱਟ ਹੋਣ ਤੇ ਉਪਭੋਗੀ ਉਸ ਵਸਤੂ ਦੀ ਵੱਧ ਮਾਤਰਾ ਖ਼ਰੀਦਦਾ ਹੈ । 1

(iii) ਖ਼ਾਲੀ ਥਾਂ ਭਰੋ :

$$AFC = \frac{FC}{....}?$$ 1

(iv) ਜੇ ਪੂਰਤੀ ਵਿੱਚ 24% ਦਾ ਵਾਧਾ ਵਸਤੂ ਦੀ ਕੀਮਤ ਵਿੱਚ 12% ਦਾ ਵਾਧਾ ਕਰਦਾ ਹੈ ਤਾਂ ਪੂਰਤੀ ਦੀ ਲੋਚ ਪਤਾ ਕਰੋ । 1

(v) ਬਜਾਰ ਤੋਂ ਕੀ ਭਾਵ ਹੈ ? 1

(vi) ਸਹੀ ਉੱਤਰ ਦੀ ਚੋਣ ਕਰੋ :

ਹੇਠਾਂ ਦਿੱਤੀਆਂ ਵਿੱਚੋਂ ਕਿਸਨੂੰ 'ਸਮਾਵੇਸ਼' ਵਿੱਚ ਸ਼ਾਮਿਲ ਨਹੀਂ ਕੀਤਾ ਜਾਂਦਾ :

(a) ਨਿਵੇਸ਼ (b) ਆਯਾਤ (c) ਨਿਰਯਾਤ (d) ਉਪਭੋਗ ਖ਼ਰਚ । 1

(vii) ਖ਼ਾਲੀ ਥਾਂ ਭਰੋ :

ਬਜ਼ਾਰ ਕੀਮਤ ਤੇ ਕੁੱਲ ਰਾਸ਼ਟਰੀ ਉਤਪਾਦ = .....+ ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ । 1

(viii) ਜੇਕਰ ਔਸਤ ਉਪਭੋਗ ਪ੍ਰਵ੍ਰਿਤੀ 0.60 ਹੋਵੇ ਤਾਂ ਔਸਤ ਬੱਚਤ ਪ੍ਰਵ੍ਰਿਤੀ ਪਤਾ ਕਰੋ । 1

(ix) ਅਪ੍ਰਤੱਖ ਕਰ ਪ੍ਰਗਤੀਸ਼ੀਲ ਹੁੰਦੇ ਹਨ । ਸਹੀ/ਗਲਤ 1

(x) ਵਪਾਰ ਬਾਕੀ ਕਦੋਂ ਅਨੁਕੂਲ ਹੁੰਦਾ ਹੈ ? 1

## ਭਾਗ-ਅ

2. (i) ਮੰਗ ਦਾ ਵਿਸਤਾਰ ਚਿੱਤਰ ਨਾਲ ਸਮਝਾਓ । 2

(ii) ਸਾਧਨਾਂ ਦੇ ਵੱਧਦੇ ਪ੍ਰਤੀਫਲ ਦੇ ਦੋ ਕਾਰਣ ਲਿਖੋ । 2

(iii) ਪੂਰਤੀ ਦੀ ਲੋਚ ਨੂੰ ਪ੍ਰਭਾਵਿਤ ਕਰਨ ਵਾਲੇ ਦੋ ਤੱਤ ਲਿਖੋ । 2

(iv) ਹੇਠਾਂ ਦਿੱਤੀ ਸਾਰਣੀ ਤੋਂ ਔਸਤ ਲਾਗਤ ਅਤੇ ਕੁੱਲ ਲਾਗਤ ਪਤਾ ਕਰੋ :

| ਉਤਪਾਦਨ ਦੀਆਂ ਇਕਾਈਆਂ | 1 | 2 | 3 | 4 |
|---|---|---|---|---|
| ਸੀਮਾਂਤ ਲਾਗਤ | 20 | 16 | 12 | 8 |

2

(v) ਹੇਠਾਂ ਦਿੱਤੀ ਸੂਚੀ ਤੋਂ ਬਜਾਰ ਮੰਗ ਪਤਾ ਕਰੋ :

| ਕੀਮਤ | A ਦੀ ਮੰਗ | B ਦੀ ਮੰਗ | C ਦੀ ਮੰਗ |
|---|---|---|---|
| 1 | 20 | 24 | 15 |
| 2 | 18 | 22 | 13 |
| 3 | 15 | 19 | 8 |
| 4 | 12 | 14 | 3 |

2



www.a2zpapers.com

www.a2zpapers.com

www.a2zpapers.com

Download free old Question papers gndu, ptu hp board, punjab board

a2zpapers.com



(vi) (a) ਸਾਧਨ ਭੁਗਤਾਨ ਕਿਹੜੇ-ਕਿਹੜੇ ਹਨ ਨਾਂ ਲਿਖੋ ।

(b) ਅਰਥ ਵਿਵਸਥਾ ਦੇ ਵੱਖ-ਵੱਖ ਖੇਤਰਾਂ ਦੇ ਨਾਂ ਲਿਖੋ । 1+1

(vii) ਘੱਟ ਮੰਗ ਨੂੰ ਦੂਰ ਕਰਨ ਲਈ ਮੌਦਰਿਕ ਨੀਤੀ ਸੰਖੇਪ ਵਿੱਚ ਦੱਸੋ । 2

(viii) ਓਵਰ-ਡਰਾਫਟ ਤੋਂ ਤੁਸੀਂ ਕੀ ਸਮਝਦੇ ਹੋ ? 2

(ix) ਜੇਕਰ $MPC = \frac{2}{3}$ ਹੈ ਤਾਂ ਗੁਣਕ ਪਤਾ ਕਰੋ । 2

(x) ਜੇਕਰ ਨਿਰਯਾਤ 20,000 ਕਰੋੜ ਰੁਪਏ ਹੈ ਅਤੇ ਆਯਾਤਾਂ ਦਾ ਮੁੱਲ 24,000 ਕਰੋੜ ਹੋਵੇ ਤਾਂ ਵਪਾਰ ਬਾਕੀ ਪਤਾ ਕਰੋ । 2

## ਭਾਗ-ੲ

3. (i) ਉਤਪਾਦਨ ਸੰਭਾਵਨਾ ਵਕਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ । 4

ਜਾਂ

ਵਸਤੂ ਦੀ ਮੰਗ ਉਤੇ ਕੀਮਤ ਦਾ ਕੀ ਪ੍ਰਭਾਵ ਪੈਂਦਾ ਹੈ ? ਵਰਨਣ ਕਰੋ । 4

(ii) ਘੱਟਦੇ ਪ੍ਰਤੀਫਲ ਦੇ ਨਿਯਮ ਦੀ ਵਿਆਖਿਆ ਚਿੱਤਰ ਨਾਲ਼ ਕਰੋ । 4

(iii) ਜਦੋਂ ਇੱਕ ਵਸਤੂ ਦੀ ਕੀਮਤ 10 ਰੁ: ਤੋਂ ਵੱਧ ਕੇ 12 ਰੁਪਏ ਹੋ ਜਾਂਦੀ ਹੈ ਤਾਂ ਉਸਦੀ ਪੂਰਤੀ 40 ਇਕਾਈਆਂ ਤੋਂ ਵੱਧ ਕੇ 50 ਇਕਾਈਆਂ ਹੋ ਜਾਂਦੀ ਹੈ, ਪੂਰਤੀ ਦੀ ਮੁੱਲ ਲੋਚ ਪਤਾ ਕਰੋ । 4

(iv) ਕਿਸੀ ਵਸਤੂ ਦੀ ਪੂਰਤੀ ਦੇ ਵਾਧੇ ਦਾ ਸੰਤੁਲਨ ਕੀਮਤ ਉਪਰ ਪੈਣ ਵਾਲੇ ਪ੍ਰਭਾਵ ਨੂੰ ਚਿੱਤਰ ਨਾਲ ਸਪੱਸ਼ਟ ਕਰੋ । 4

(v) ਏਕਾਧਿਕਾਰ ਅਤੇ ਪੂਰਨ-ਪ੍ਰਤੀਯੋਗਿਤਾ ਬਜ਼ਾਰ ਵਿਚਕਾਰ ਕੋਈ ਚਾਰ ਅੰਤਰ ਦੱਸੋ । 4

(vi) ਅੰਤਿਮ ਵਸਤੂਆਂ ਅਤੇ ਮੱਧ ਵਰਤੀ ਵਸਤੂਆਂ ਵਿਚਕਾਰ ਕੋਈ ਚਾਰ ਅੰਤਰ ਦੱਸੋ । 4

ਜਾਂ

ਸਮਸ਼ਟੀ ਅਰਥ-ਸ਼ਾਸ਼ਤਰ ਦੇ ਖੇਤਰ ਵਿੱਚ ਕਿਸੇ ਚਾਰ ਵਿਸ਼ਿਆਂ ਬਾਰੇ ਸੰਖੇਪ ਵਿੱਚ ਦੱਸੋ । 4

(vii) ਪੂਰਣ ਰੋਜਗਾਰ ਦੀ ਧਾਰਣਾ ਬਾਰੇ ਦੱਸੋ । 4

ਜਾਂ

ਬੈਂਕਿੰਗ ਪ੍ਰਣਾਲੀ ਵਿੱਚ ਸੁਧਾਰ ਲਈ ਕਿਸੇ ਚਾਰ ਉਪਾਵਾਂ ਦਾ ਸੰਖੇਪ ਵਿੱਚ ਵਰਨਣ ਕਰੋ । 4

(viii) ਜੇਕਰ ਖ਼ਰਚਣ ਯੋਗ ਆਮਦਨ 900 ਰੁਪਏ ਹੋਵੇ ਅਤੇ ਉਪਭੋਗ ਖ਼ਰਚ 600 ਰੁ: ਹੋਵੇ ਤਾਂ ਔਸਤ ਬੱਚਤ ਪ੍ਰਵਿ੍ਤੀ ਪਤਾ ਕਰੋ । 4

(ix) ਇੱਕ ਅਰਥ-ਵਿਵਸਥਾ ਵਿੱਚ ਨਿਵੇਸ਼ ਵਿੱਚ 1000 ਕਰੋੜ ਰੁ: ਦਾ ਵਾਧਾ ਹੁੰਦਾ ਹੈ, ਜੇਕਰ ਸੀਮਾਂਤ ਉਪਭੋਗ ਪ੍ਰਵਿ੍ਤੀ 0.6 ਹੋਵੇ ਤਾਂ ਆਮਦਨ ਅਤੇ ਉਪਭੋਗ ਖ਼ਰਚ ਵਿੱਚ ਵਾਧਾ ਪਤਾ ਕਰੋ । 4

## ਭਾਗ-ਸ

4. (i) ਮੰਗ ਦਾ ਨਿਯਮ ਕੀ ਹੈ ? ਮੰਗ ਵਕਰ ਦੀ ਢਲਾਨ ਰਿਣਾਤਮਕ ਕਿਉਂ ਹੁੰਦੀ ਹੈ ? 1+5

ਜਾਂ

ਦੋ ਵਸਤੂਆਂ ਦੀ ਹਾਲਤ ਵਿੱਚ ਉਪਭੋਗੀ ਦੇ ਸੰਤੁਲਨ ਦੀ ਵਿਆਖਿਆ ਕਰੋ । 6



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



(ii) ਕੁੱਲ ਆਮਦਨ, ਔਸਤ ਆਮਦਨ ਅਤੇ ਸੀਮਾਂਤ ਆਮਦਨ ਤੋਂ ਕੀ ਭਾਵ ਹੈ ? ਇਨ੍ਹਾਂ ਵਿੱਚ ਆਪਸੀ ਸੰਬੰਧ ਦੱਸੋ । 3+3=6

ਜਾਂ

ਪੂਰਣ ਪ੍ਰਤੀਯੋਗਿਤਾ ਬਜਾਰ ਵਿੱਚ ਸੰਤੁਲਨ ਕੀਮਤ ਕਿਵੇਂ ਨਿਰਧਾਰਿਤ ਹੁੰਦੀ ਹੈ ? 6

(iii) ਕੇਂਦਰੀ ਬੈਂਕ ਅਤੇ ਵਪਾਰਕ ਬੈਂਕ ਵਿੱਚ ਅੰਤਰ ਵਿਸਥਾਰ ਨਾਲ਼ ਦੱਸੋ । 6

ਜਾਂ

ਉਤਪਾਦ ਵਿਧੀ ਨਾਲ਼ ਰਾਸ਼ਟਰੀ ਆਮਦਨ ਦਾ ਮਾਪ ਕਿਸ ਤਰ੍ਹਾਂ ਕੀਤਾ ਜਾਂਦਾ ਹੈ ? 6

(iv) ਹੇਠ ਲਿਖੀ ਸੂਚਨਾ ਦੇ ਆਧਾਰ ਤੇ ਬਜਾਰ ਕੀਮਤ ਤੇ ਕੁੱਲ ਰਾਸ਼ਟਰੀ ਉਤਪਾਦ ਪਤਾ ਕਰੋ : 6

| ਮੱਦਾਂ | ਰੁਪਏ ਕਰੋੜਾਂ |
|---|---|
| (a) ਸਰਕਾਰੀ ਉਪਭੋਗ ਖ਼ਰਚ | 15 |
| (b) ਸ਼ੁੱਧ ਅਪ੍ਰੱਤਖ ਕਰ | 14 |
| (c) ਕੁੱਲ ਸਥਾਈ ਪੂੰਜੀ ਨਿਰਮਾਣ | 25 |
| (d) ਸ਼ੁੱਧ ਨਿਰਯਾਤ | (–) 4 |
| (e) ਨਿਜੀ ਅੰਤਿਮ ਉਪਭੋਗ ਖ਼ਰਚ | 120 |
| (f) ਸਟਾਕ ਵਿੱਚ ਸ਼ੁੱਧ ਵਾਧਾ | 4 |
| (g) ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 40 |
| (h) ਸਥਾਈ ਪੂੰਜੀ ਦਾ ਉਪਭੋਗ | 10 |

ਜਾਂ

ਹੇਠਾਂ ਦਿੱਤੇ ਅੰਕੜੀਆਂ ਤੋਂ ਘਰੇਲੂ ਆਮਦਨ ਅਤੇ ਰਾਸ਼ਟਰੀ ਆਮਦਨ ਪਤਾ ਕਰੋ :

| ਮੱਦਾਂ | ਰੁਪਏ ਕਰੋੜਾਂ |
|---|---|
| (a) ਮਜ਼ਦੂਰੀ | 5000 |
| (b) ਲਗਾਨ | 2500 |
| (c) ਵਿਆਜ | 200 |
| (d) ਲਾਭਾਂਸ਼ | 1500 |
| (e) ਮਿਸ਼ਰਿਤ ਆਮਦਨ | 250 |
| (f) ਅਣਵੰਡੇ ਲਾਭ | 100 |
| (g) ਸਮਾਜਿਕ ਸੁਰੱਖਿਆ ਵਿੱਚ ਅੰਸ਼ਦਾਨ | 200 |
| (h) ਨਿਗਮਾਂ ਦੇ ਲਾਭ ਕਰ | 150 |
| (i) ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 500 |



www.a2zpapers.com www.a2zpapers.com
Download free old Question papers gndu, ptu hp board, punjab board